Regulation Redesign ਰੈਗੂਲੇਸ਼ਨ ਰੀਡਿਜ਼ਾਈਨ

Simplifying Rules for City Building ਸ਼ਹਿਰ ਦੇ ਬਿਲਡਰਾਂ ਲਈ ਨਿਯਮਾਂ ਨੂੰ ਸਰਲ ਕਰਨਾ


CITY OF VANCOUVER

Spring 2021 Update / ਸੰਤ ਰੁੱਤ 2021 ਅੱਪਡੇਟ

Background ਪਿਛੋਕੜ

Regulation Redesign, a priority project in the City's 2020 Corporate Plan, is a comprehensive review of our land use regulations and related policy documents. The focus of Regulation Redesign is to simplify the regulations and improve their consistency, and to modernize the Zoning and Development By-law to make it more user-friendly.

ਰੈਗੂਲੇਸ਼ਨ ਰੀਡਿਜ਼ਾਈਨ, ਸਿਟੀ ਦੀ 2020 ਕਾਰਪੋਰੇਟ ਯੋਜਨਾ ਦਾ ਇੱਕ ਤਰਜੀਹੀ ਪ੍ਰੋਜੈਕਟ, ਸਾਡੇ ਜ਼ਮੀਨ ਦੀ ਵਰਤੋਂ ਦੇ ਵਿਨਿਯਮਾਂ ਅਤੇ ਸੰਬੰਧਿਤ ਨੀਤੀ ਦਸਤਾਵੇਜ਼ਾਂ ਦੀ ਇੱਕ ਵਿਆਪਕ ਸਮੀਖਿਆ ਹੈ। ਰੈਗੂਲੇਸ਼ਨ ਰੀਡਿਜ਼ਾਈਨ ਦਾ ਧਿਆਨ ਵਿਨਿਯਮਾਂ ਨੂੰ ਸਰਲ ਬਣਾਉਣ ਅਤੇ ਉਹਨਾਂ ਵਿੱਚ ਇਕਸਾਰਤਾ ਨੂੰ ਬਿਹਤਰ ਬਣਾਉਣਾ, ਅਤੇ ਜ਼ੋਨਿੰਗ ਅਤੇ ਵਿਕਾਸ ਉਪ-ਨਿਯਮ (Zoning and Development By-law) ਨੂੰ ਜ਼ਿਆਦਾ ਵਰਤੋਂਕਾਰ-ਪੱਖੀ ਬਣਾਉਣ ਲਈ ਆਧੁਨਿਕ ਬਣਾਉਣਾ ਹੈ।




Project Objectives ਪ੍ਰੋਜੈਕਟ ਦੇ ਉਦੇਸ਼:

1. Simplify and clarify
   ਸਰਲ ਅਤੇ ਸਪਸ਼ਟ ਬਣਾਉਣਾ
2. Modernize and improve formatting
   ਆਧੁਨਿਕ ਬਣਾਉਣਾ ਅਤੇ ਫਾਰਮੈਟਿੰਗ ਵਿੱਚ ਸੁਧਾਰ ਕਰਨਾ
3. Improve consistency
   ਇਕਸਾਰਤਾ ਵਿੱਚ ਸੁਧਾਰ ਕਰਨਾ
4. Improve communication
   ਸੰਚਾਰ ਵਿੱਚ ਸੁਧਾਰ ਕਰਨਾ
5. Establish an enduring framework
   ਇੱਕ ਟਿਕਾਊ ਢਾਂਚਾ ਸਥਾਪਤ ਕਰਨਾ

✨ New bulletin for balconies, decks, etc. ਬਾਲਕੋਨੀਆਂ, ਡੈਕ, ਆਦਿ ਲਈ ਨਵਾਂ ਬੁਲੇਟਿਨ

In July 2020, Council approved new terms for **balconies, decks, entries, porches, verandahs, patios, and roof decks**. We've created a new bulletin to explain how the regulations are applied. It includes details on what's counted in floor area, building depth and site area; projections into yards; where patios can be located; and what is considered a roof deck. Read it now at vancouver.ca/zoning-library under bulletins.

ਜੁਲਾਈ 2020 ਵਿੱਚ, ਕਾਉਂਸਿਲ ਨੇ **ਬਾਲਕੋਨੀਆਂ, ਡੈਕਾਂ, ਐਂਟਰੀਆਂ, ਪੋਰਚਾਂ, ਵਰਾਂਡਿਆਂ, ਪੇਟਿਓ, ਅਤੇ ਛੱਤ 'ਤੇ ਡੈਕਾਂ** ਲਈ ਨਵੇਂ ਸ਼ਬਦਾਂ ਨੂੰ ਮਨਜ਼ੂਰੀ ਦਿੱਤੀ। ਅਸੀਂ ਇਹ ਦੱਸਣ ਲਈ ਇੱਕ ਨਵਾਂ ਬੁਲੇਟਿਨ ਬਣਾਇਆ ਹੈ ਕਿ ਵਿਨਿਯਮਾਂ ਨੂੰ ਕਿਵੇਂ ਲਾਗੂ ਕੀਤਾ ਜਾਂਦਾ ਹੈ। ਇਸ ਵਿੱਚ ਇਸ ਬਾਰੇ ਵੇਰਵਿਆਂ ਨੂੰ ਸ਼ਾਮਲ ਕੀਤਾ ਗਿਆ ਹੈ ਕਿ ਫਲੋਰ ਏਰੀਆ, ਬਿਲਡਿੰਗ ਡੈਪਥ ਅਤੇ ਸਾਈਟ ਖੇਤਰ ਵਿੱਚ ਕੀ ਕੁਝ ਗਿਣਿਆ ਜਾਂਦਾ ਹੈ; ਯਾਰਡਾਂ ਦੇ ਵਿੱਚ ਵਾਧੇ; ਪੇਟੀਓਜ਼ ਕਿੱਥੇ ਸਥਿਤ ਹੋ ਸਕਦੇ ਹਨ; ਅਤੇ ਕਿਸ ਨੂੰ ਛੱਤ 'ਤੇ ਡੈਕ ਮੰਨਿਆ ਜਾਂਦਾ ਹੈ। ਇਸ ਨੂੰ ਹੁਣੇ vancouver.ca/zoning-library ਬੁਲੇਟਿਨਾਂ ਦੇ ਹੇਠਾਂ ਪੜ੍ਹੋ।



Simplifying height regulations
ਉਚਾਈ ਦੇ ਵਿਨਿਯਮਾਂ ਨੂੰ ਸਰਲ ਬਣਾਉਣਾ

We're proposing to create new definitions in Section 2 for "height" and "decorative roof", and to update the definition for "base surface". We're also exploring amendments to Section 10.18 to modernize language and update terms, to provide more flexibility for rooftop amenity spaces and access, and to clarify decorative roof regulations.

ਅਸੀਂ ਭਾਗ 2 ਵਿੱਚ "ਉਚਾਈ" ਅਤੇ "ਸਜਾਵਟੀ ਛੱਤ" ਲਈ ਨਵੀਆਂ ਪਰਿਭਾਸ਼ਾਵਾਂ ਬਣਾਉਣ ਅਤੇ "ਅਧਾਰ ਸਤ੍ਹਾ" ਦੀ ਪਰਿਭਾਸ਼ਾ ਨੂੰ ਅੱਪਡੇਟ ਕਰਨ ਦਾ ਪ੍ਰਸਤਾਵ ਦੇ ਰਹੇ ਹਾਂ। ਅਸੀਂ ਭਾਸ਼ਾ ਨੂੰ ਆਧੁਨਿਕ ਬਣਾਉਣ ਅਤੇ ਸ਼ਬਦਾਂ ਨੂੰ ਅੱਪਡੇਟ ਕਰਨ ਲਈ, ਛੱਤ 'ਤੇ ਸਹੂਲਤ ਵਾਲੀਆਂ ਥਾਂਵਾਂ ਅਤੇ ਪਹੁੰਚ ਲਈ ਵਧੇਰੇ ਲਚਕਤਾ ਪ੍ਰਦਾਨ ਕਰਨ, ਅਤੇ ਸਜਾਵਟੀ ਛੱਤ ਦੇ ਵਿਨਿਯਮਾਂ ਨੂੰ ਸਪਸ਼ਟ ਕਰਨ ਲਈ ਸੈਕਸ਼ਨ 10.18 ਵਿੱਚ ਸੋਧਾਂ ਕਰਨ ਬਾਰੇ ਵੀ ਪੜਚੋਲ ਕਰ ਰਹੇ ਹਾਂ।

Learn more ਵਧੇਰੇ ਜਾਣੋ:
vancouver.ca/RegRedesign

Regulation Redesign ਰੈਗੂਲੇਸ਼ਨ ਰੀਡਿਜ਼ਾਈਨ

Simplifying Rules for City Building ਸ਼ਹਿਰ ਦੇ ਬਿਲਡਰਾਂ ਲਈ ਨਿਯਮਾਂ ਨੂੰ ਸਰਲ ਕਰਨਾ

CITY OF VANCOUVER

Dwelling use terms:

Currently, the Zoning and Development By-law uses “multiple dwelling” to describe a variety of dwelling uses such as apartment, townhouse and triplex. To find out what type of multiple dwelling can be developed, we need to look at other land use documents like guidelines. This can be very confusing. We’re proposing to create new dwelling use terms in the zoning by-law to make it easier to understand the regulations:

- “apartment” means a building containing 4 or more principal dwelling units, all of which share at least one common entrance from the exterior of the building.
- “townhouse” means a building containing 4 or more principal dwelling units, where each unit has its own entrance from the exterior of the building.
- “triplex” means a building containing 3 principal dwelling units, but does not include a multiple conversion dwelling.

ਡਵੈਲਿੰਗ ਦੀ ਵਰਤੋਂ ਸੰਬੰਧੀ ਸ਼ਬਦ:

ਵਰਤਮਾਨ ਵਿੱਚ, ਜ਼ੋਨਿੰਗ ਅਤੇ ਵਿਕਾਸ ਉਪ-ਨਿਯਮ ਅਪਾਰਟਮੈਂਟ, ਟਾਊਨਹਾਉਸ ਅਤੇ ਟ੍ਰਿਪਲੈਕਸ ਵਰਗੀਆਂ ਕਈ ਕਿਸਮਾਂ ਦੇ ਨਿਵਾਸ ਉਪਯੋਗਾਂ ਦਾ ਵਰਣਨ ਕਰਨ ਲਈ "ਮਲਟੀਪਲ ਡਵੈਲਿੰਗ " ਦੀ ਵਰਤੋਂ ਕਰਦੇ ਹਨ। ਇਹ ਦੱਸਣ ਲਈ ਕਿ ਕਿਸ ਕਿਸਮ ਦਾ ਮਲਟੀਪਲ ਡਵੈਲਿੰਗ ਵਿਕਸਿਤ ਕੀਤਾ ਜਾ ਸਕਦਾ ਹੈ, ਸਾਨੂੰ ਜ਼ਮੀਨ ਦੀ ਵਰਤੋਂ ਦੇ ਹੋਰ ਦਸਤਾਵੇਜ਼ਾਂ ਨੂੰ ਦੇਖਣ ਦੀ ਲੋੜ ਹੈ, ਜਿਵੇਂ ਕਿ ਦਿਸ਼ਾ-ਨਿਰਦੇਸ਼। ਇਹ ਬਹੁਤ ਉਲਝਣ ਭਰਿਆ ਹੋ ਸਕਦਾ ਹੈ। ਅਸੀਂ ਜ਼ੋਨਿੰਗ ਉਪ-ਨਿਯਮ ਵਿੱਚ ਡਵੈਲਿੰਗ ਦੀ ਵਰਤੋਂ ਦੇ ਨਵੇਂ ਸ਼ਬਦ ਬਣਾਉਣ ਦਾ ਪ੍ਰਸਤਾਵ ਦੇ ਰਹੇ ਹਾਂ ਤਾਂ ਜੋ ਵਿਨਿਯਮਾਂ ਨੂੰ ਸਮਝਣਾ ਆਸਾਨ ਹੋ ਜਾਵੇ:

- “ਅਪਾਰਟਮੈਂਟ” ਤੋਂ ਭਾਵ ਇੱਕ ਅਜਿਹੀ ਇਮਾਰਤ ਹੈ ਜਿਸ ਵਿੱਚ 4 ਜਾਂ ਵਧੇਰੇ ਮੁੱਖ ਨਿਵਾਸ ਇਕਾਈਆਂ ਹੁੰਦੀਆਂ ਹਨ, ਜਿਨ੍ਹਾਂ ਸਾਰੀਆਂ ਲਈ ਇਮਾਰਤ ਦੇ ਬਾਹਰੀ ਹਿੱਸੇ ਤੋਂ ਘੱਟੋ-ਘੱਟ ਇੱਕ ਸਾਂਝਾ ਪ੍ਰਵੇਸ਼ ਦੁਆਰ ਹੁੰਦਾ ਹੈ।
- “ਟਾਊਨਹਾਊਸ” ਤੋਂ ਭਾਵ ਇੱਕ ਅਜਿਹੀ ਇਮਾਰਤ ਹੈ ਜਿਸ ਵਿੱਚ 4 ਜਾਂ ਵਧੇਰੇ ਮੁੱਖ ਨਿਵਾਸ ਇਕਾਈਆਂ ਹੁੰਦੀਆਂ ਹਨ, ਜਿੱਥੇ ਹਰੇਕ ਇਕਾਈ ਲਈ ਇਮਾਰਤ ਦੇ ਬਾਹਰਲੇ ਹਿੱਸੇ ਤੋਂ ਆਪਣਾ ਪ੍ਰਵੇਸ਼ ਦੁਆਰ ਹੁੰਦਾ ਹੈ।
- “ਟ੍ਰਿਪਲੈਕਸ” ਤੋਂ ਭਾਵ ਹੈ ਇੱਕ ਇਮਾਰਤ ਜਿਸ ਵਿੱਚ 3 ਪ੍ਰਮੁੱਖ ਨਿਵਾਸ ਇਕਾਈਆਂ ਹੁੰਦੀਆਂ ਹਨ, ਪਰ ਇਸ ਵਿੱਚ ਮਲਟੀਪਲ ਕਨਵਰਜਨ ਨਿਵਾਸ ਸ਼ਾਮਲ ਨਹੀਂ ਹੁੰਦਾ।

New district schedule format ਨਵਾਂ ਡਿਸਟ੍ਰਿਕਟ ਕਾਰਜਕ੍ਰਮ ਫਾਰਮੈਟ:

A district schedule is a part of the Zoning and Development By-law that specifies what uses are allowed on a property and what specific regulations apply. There are currently 67 district schedules for 97 zoning districts in the City of Vancouver, and they’ve become very complex since the zoning by-law was introduced in 1956. We’re working on a new, more organized format based on these four guiding principles:

ਡਿਸਟ੍ਰਿਕਟ ਕਾਰਜਕ੍ਰਮ, ਜ਼ੋਨਿੰਗ ਅਤੇ ਵਿਕਾਸ ਉਪ-ਨਿਯਮ ਦਾ ਇੱਕ ਹਿੱਸਾ ਹੈ ਜੋ ਦੱਸਦਾ ਹੈ ਕਿ ਕਿਸੇ ਪ੍ਰਾਪਰਟੀ 'ਤੇ ਕਿਹੜੀ ਵਰਤੋਂ ਦੀ ਆਗਿਆ ਹੈ ਅਤੇ ਕਿਹੜੇ ਵਿਸ਼ੇਸ਼ ਵਿਨਿਯਮ ਲਾਗੂ ਹੁੰਦੇ ਹਨ। ਵੈਨਕੂਵਰ ਸਿਟੀ ਵਿੱਚ ਇਸ ਵੇਲੇ 97 ਜ਼ੋਨਿੰਗ ਡਿਸਟ੍ਰਿਕਟਾਂ ਲਈ 67 ਡਿਸਟ੍ਰਿਕਟ ਕਾਰਜਕ੍ਰਮ ਹਨ ਅਤੇ ਉਹ 1956 ਵਿੱਚ ਜ਼ੋਨਿੰਗ ਉਪ-ਨਿਯਮ ਲਾਗੂ ਕੀਤੇ ਜਾਣ ਤੋਂ ਲੈ ਕੇ ਹੁਣ ਤੱਕ ਬਹੁਤ ਗੁੰਝਲਦਾਰ ਹੋ ਗਏ ਹਨ। ਅਸੀਂ ਇਨ੍ਹਾਂ ਚਾਰ ਮਾਰਗ-ਦਰਸ਼ਨ ਕਰਨ ਵਾਲੇ ਸਿਧਾਂਤਾਂ ਦੇ ਅਧਾਰ 'ਤੇ ਇੱਕ ਨਵੇਂ, ਵਧੇਰੇ ਸੰਗਠਿਤ ਫਾਰਮੈਟ 'ਤੇ ਕੰਮ ਕਰ ਰਹੇ ਹਾਂ:



Document standards to organize information consistently

ਦਸਤਾਵੇਜ਼ ਮਿਆਰ ਜਾਣਕਾਰੀ ਨੂੰ ਇਕਸਾਰਤਾ ਨਾਲ ਸੰਗਠਿਤ ਕਰਨ ਲਈ



Summary pages to provide an overview of each zoning family

ਸਾਰ ਪੰਨੇ ਹਰੇਕ ਜ਼ੋਨਿੰਗ ਪਰਿਵਾਰ ਦੀ ਸੰਖੇਪ ਜਾਣਕਾਰੀ ਮੁਹੱਈਆ ਕਰਨ ਲਈ



Simple language and diagrams to make rules easier to understand

ਸਰਲ ਭਾਸ਼ਾ ਅਤੇ ਚਿੱਤਰ ਨਿਯਮਾਂ ਨੂੰ ਸਮਝਣਾ ਸੌਖਾ ਬਣਾਉਣ ਲਈ



Similar rules combined to make related requirements more clear

ਮਿਲਦੇ-ਜੁਲਦੇ ਨਿਯਮਾਂ ਨੂੰ ਇਕੱਠਾ ਕੀਤਾ ਗਿਆ ਸੰਬੰਧਿਤ ਜ਼ਰੂਰਤਾਂ ਨੂੰ ਵਧੇਰੇ ਸਪਸ਼ਟ ਬਣਾਉਣ ਲਈ

Visit our website or contact us to learn more and provide your feedback!
ਸਾਡੀ ਵੈੱਬਸਾਈਟ 'ਤੇ ਜਾਓ ਜਾਂ ਵਧੇਰੇ ਸਿੱਖਣ ਲਈ ਅਤੇ ਸਾਨੂੰ ਆਪਣੀ ਫੀਡਬੈਕ ਦੇਣ ਲਈ ਸਾਡੇ ਨਾਲ ਸੰਪਰਕ ਕਰੋ!

website ਵੈੱਬਸਾਈਟ: vancouver.ca/RegRedesign email ਈਮੇਲ: RegRedesign@vancouver.ca